**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ), ਪੰਜਾਬ, ਸ.ਅ.ਸ ਨਗਰ**

**(ਸੈਕੰਡਰੀ ਸਿੱਖਿਆ ਸ਼ਾਖਾ)**

ਵੱਲ,

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ/ ਐ.ਸਿ),

ਸਮੂਹ ਸਕੂਲ ਮੁਖੀ,

ਪੰਜਾਬ।

ਮੀਮੋ ਨੰ. DPISE-SEDUODIST/2/2021-SE-DPISE-Part(1)/2021166192
ਮਿਤੀ. ਸ.ਅ.ਸ ਨਗਰ 24/5/2021

ਵਿਸ਼ਾ: ਸਾਲ 2021 ਵਿੱਚ ਆਮ ਬਦਲੀਆਂ ਸਮੇਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਨਾਲ ਜੁੜੇ ਮਿਡਲ ਸਕੂਲਾਂ ਦੇ ਅਧਿਆਪਕਾਂ ਦਾ ਡਾਟਾ ਸ਼ਿਫਟ ਕਰਨ ਸਬੰਧੀ।

1.0 ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਬਦਲੀਆਂ ਦੇ ਮੰਤਵ ਲਈ ਜਾਂ ਨਵ-ਨਿਯੁਕਤ ਅਧਿਆਪਕਾਂ ਦੀ ਤਾਇਨਾਤੀ ਲਈ ਮਿਡਲ ਸਕੂਲਾਂ ਦੀਆਂ ਅਸਾਮੀਆਂ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਦਿਖਾਈਆਂ ਗਈਆਂ ਸਨ। ਇਹਨਾਂ ਮਿਡਲ ਸਕੂਲਾਂ ਦੀਆਂ ਡੀ.ਡੀ.ਓ ਪਾਵਰਾਂ ਪਹਿਲਾਂ ਵਾਂਗ ਉਹਨਾਂ ਦੇ ਕੰਪਲੈਕਸ ਸਕੂਲ ਨੂੰ ਹੀ ਦਿੱਤੀਆਂ ਗਈਆਂ ਹਨ।

2.0 ਬਦਲੀ ਉਪਰੰਤ ਜਿਨ੍ਹਾਂ ਅਧਿਆਪਕਾਂ ਨੇ ਮਿਡਲ ਸਕੂਲਾਂ ਵਿੱਚ ਜੁਆਇਨ ਕੀਤਾ ਹੈ ਉਹਨਾਂ ਦਾ ਡਾਟਾ ਬਦਲੀਆਂ ਦੇ ਮੰਤਵ ਲਈ ਅਟੈਚ ਕੀਤੇ ਸੀਨੀਅਰ ਸਕੈਂਡਰੀ ਸਕੂਲਾਂ ਵਿੱਚ ਹੀ ਮੌਜੂਦ ਹੈ। ਜਿਸ ਕਾਰਣ ਅਧਿਆਪਕਾਂ ਨੂੰ ਛੁੱਟੀ ਅਪਲਾਈ ਕਰਨ ਸਬੰਧੀ, ਅਤੇ ਹੋਰ ਮੁਸ਼ਕਿਲਾਂ ਆ ਰਹੀਆਂ ਹਨ, ਇਸ ਸਬੰਧੀ ਵਿਭਾਗ ਵੱਲੋਂ ਫੈਸਲਾ ਕੀਤਾ ਗਿਆ ਹੈ ਕਿ ਉਹਨਾਂ ਅਧਿਆਪਕਾਂ ਦਾ ਡਾਟਾ ਵੀ ਸਬੰਧਤ ਮਿਡਲ ਸਕੂਲ ਵਿੱਚ ਹੀ ਸ਼ਿਫਟ ਕੀਤਾ ਜਾਵੇਗਾ। ਇਸ ਲਈ ਸਬੰਧਤ ਸਕੂਲ ਮੁਖੀ ਐਮ.ਆਈ. ਐਸ ਸ਼ਾਖਾ ਨੂੰ ਡਾਟਾ ਸ਼ਿਫਟ ਕਰਨ ਸਬੰਧੀ ਆਨਲਾਈਨ ਰਿਕੁਐਸਟ ਭੇਜ ਸਕਦੇ ਹਨ।

ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ)

ਪੰਜਾਬ।